# 6

# ਮਸੀਹ ਦੇ ਲਹੂ ਦੇ ਰਾਹੀਂ ਮਿਲਾਏ ਗਏ
## (2:11-13)

ਖ਼ੁਦਾ ਦੀ ਜਲਾਲੀ ਕਲੀਸੀਆ ਦੇ ਮਕਸਦ ਬਾਰੇ ਅਫ਼ਸੁਸ ਦੇ ਮਸੀਹੀ ਲੋਕਾਂ ਨੂੰ ਲਿਖਦਿਆਂ ਪੌਲੁਸ ਨੇ ਉਸ ਬਦਲਾਅ ਤੇ ਜ਼ੋਰ ਦਿੱਤਾ ਜਿਹੜਾ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਹੋਇਆ ਸੀ। ਇਹ ਇਕ ਤਰ੍ਹਾਂ ਨਾਲ ਮੁੜ-ਰਚਨਾ ਵਰਗਾ ਸੀ ਅਤੇ ਉਨ੍ਹਾਂ ਦੇ ਵਜੂਦ ਦਾ ਕੁਝ ਹਿੱਸਾ ਯਹੂਦੀਆਂ ਅਤੇ ਗੈਰ ਕੌਮਾਂ ਵਿਚ ਭਾਈਚਾਰਾ ਸੀ।

### ਪਹਿਲਾਂ ਮਸੀਹ ਤੋਂ ਦੂਰ ਸਨ (2:11, 12)

**11ਇਸ ਲਈ ਚੇਤੇ ਕਰੋ ਭਈ ਅੱਗੇ ਤੁਸੀਂ ਸਰੀਰ ਦੇ ਸਰਬੰਧ ਕਰਕੇ ਪਰਾਈਆਂ ਕੌਮਾਂ ਦੇ ਲੋਕ ਸਾਓ ਅਤੇ ਉਨ੍ਹਾਂ ਤੋਂ ਜਿਨ੍ਹਾਂ ਦੀ ਸੁੰਨਤ ਸਰੀਰ ਵਿਚ ਹੱਥਾਂ ਨਾਲ ਕੀਤੀ ਹੋਈ ਹੈ ਅਸੁੰਨਤੀ ਅਖਾਉਂਦੇ ਸਾਓ,**
**12ਨਾਲੇ ਤੁਸੀਂ ਉਸ ਸਮੇਂ ਮਸੀਹ ਤੋਂ ਅੱਡ, ਇਸਰਾਏਲ ਦੀ ਬਾਦਸ਼ਾਹੀ ਤੋਂ ਨਿਆਰੇ ਕੀਤੇ ਹੋਏ, ਵਚਨ ਦੇ ਨੇਮਾਂ ਤੋਂ ਬਾਹਰ, ਆਸਾ ਹੀਣ ਅਤੇ ਜਗਤ ਵਿਚ ਪਰਮੇਸ਼ੁਰ ਤੋਂ ਰਹਿਤ ਸਾਓ।**

**ਆਇਤ 11.** ਪੌਲੁਸ ਗੈਰ ਕੌਮ ਮਸੀਹੀ ਲੋਕਾਂ ਦੀ ਪਹਿਲੇ ਵਾਲੀ ਹਾਲਤ ਉੱਤੇ ਜ਼ੋਰ ਦਿੰਦਿਆਂ **ਪਰਾਈਆਂ ਕੌਮਾਂ** ਅਤੇ ਯਹੂਦੀਆਂ ਵਿਚਕਾਰ ਫ਼ਰਕ ਕਰਨ ਲੱਗਾ। **ਇਸ ਲਈ** (*dio*) ਦੀ ਵਰਤੋਂ ਇਸ ਪਹਿਲਾਂ ਵਾਲੀ ਹਾਲਤ ਨੂੰ ਅਗਲੇ ਹਿੱਸੇ ਨਾਲ ਜੋੜ ਦਿੰਦੀ ਹੈ, ਜਿਹੜੀ ਖ਼ੁਦਾ ਦੀ ਇਸ ਉਮੀਦ ਨਾਲ ਖ਼ਤਮ ਹੋਈ ਕਿ ਮਸੀਹੀ ਲੋਕ ਜਿਹੜੇ ਨਿਹਚਾ ਦੇ ਰਾਹੀਂ ਕਿਰਪਾ ਨਾਲ ਬਚਾਏ ਗਏ ਸਨ, ਸ਼ੁੱਭ ਕਰਮਾਂ ਵਿਚ ਚੱਲਣ ਆਇਤ 11 ਦੇ ਸ਼ੁਰੂ ਵਿਚ ਇਸ ਦੇ ਉਲਟ ਪੌਲੁਸ ਦੀ ਗੱਲ ਨਾਲ ਗੈਰ ਕੌਮਾਂ ਤੋਂ ਮਸੀਹੀ ਬਣਨ ਵਾਲਿਆਂ ਨੂੰ ਉਸ ਦੀ ਡੂੰਘੀ ਸਮਝ ਵਿਚ ਮਦਦ ਮਿਲਣੀ ਸੀ ਜੋ ਖ਼ੁਦਾ ਨੇ ਮਸੀਹ ਦੇ ਰਾਹੀਂ ਉਨ੍ਹਾਂ ਲਈ ਕੀਤਾ ਸੀ ਅਤੇ ਜਿਵੇਂ ਉਸ ਨੇ ਠਹਿਰਾਹਿਆ ਸੀ ਉਵੇਂ ਜੀਣ ਵਿਚ ਬੜੀ ਲਗਨ ਲੱਗਣੀ ਸੀ।

**ਸਰੀਰ** (*sarx*) ਸਰੀਰਕ ਦੇਹ ਲਈ (ਵੇਖੋ ਰੋਮੀਆਂ 1:3) ਅਤੇ ਮਨੁੱਖੀ ਸੁਭਾਅ ਦੀ ਪਾਪ ਭਰੀ ਹਾਲਤ ਲਈ ਵੀ ਹੈ (ਵੇਖੋ ਰੋਮੀਆਂ 8:1-12)। ਆਇਤ 11 ਵਿਚ ਇਸ ਸ਼ਬਦ ਦੀ ਵਰਤੋਂ ਸਰੀਰਕ ਦੇਹ ਲਈ ਹੀ ਕੀਤੀ ਗਈ ਹੈ। ਉਸੇ ਦੇਹ ਲਈ ਜਿਸ ਤੇ **ਹੱਥਾਂ ਨਾਲ ਕੀਤੀ ਹੋਈ** ਸੁੰਨਤ ਹੋ ਸਕਦੀ ਹੈ।

ਯਹੂਦੀ ਲੋਕ ਆਪਣੇ ਆਪ ਨੂੰ ''ਸੁੰਨਤੀ'' ਹੋਣ ਕਰਕੇ ਘਮੰਡ ਕਰਦੇ ਸਨ ਅਤੇ ਗੈਰ ਕੌਮਾਂ ਨੂੰ ਜ਼ਲਾਲਤ ਭਰੇ ਢੰਗ ਨਾਲ **ਅਸੁੰਨਤੀ** ਆਖਦੇ ਸਨ। ਬੇਸ਼ੱਕ ਇਹ ਪੈਦਾ ਹੋਣ ਦੇ ਬਾਅਦ ਅਠਵੇਂ ਦਿਨ ਇਸਰਾਏਲ ਦੇ ਸਭ ਨਰ ਬੱਚਿਆਂ ਦੀ ਸੁੰਨਤ ਕੀਤੇ ਜਾਣ ਦੀ ਗੱਲ ਅਬਰਾਹਾਮ ਤੋਂ ਸ਼ੁਰੂ ਹੋਈ ਰੀਤ ਨੂੰ ਕਿਹਾ ਗਿਆ ਹੈ (ਵੇਖੋ ਉਤਪਤ 17:1-27; ਲੇਵੀਆਂ ਦੀ ਪੋਥੀ 12:3)। ਸੁੰਨਤ ਅਬਰਾਹਾਮ ਵੱਲੋਂ ਇਸਰਾਏਲ ਨਾਲ ਖ਼ੁਦਾ ਦੇ ਅਹਿਦ ਦਾ ਨਿਸ਼ਾਨ ਸੀ ਅਤੇ ਸੁੰਨਤ ਕੀਤੇ ਜਾਣ ਦਾ ਸਰੀਰਕ ਕੰਮ ਇਸ ਗੱਲ ਦਾ ਐਲਾਨ ਸੀ ਕਿ ਯਹੂਦੀ ਆਦਮੀ ਇਸਰਾਏਲ ਦਾ ਹੈ। ਨੇਮ ਦਾ ਇਹ ਨਿਸ਼ਾਨ ਨੇਮ

ਦੇ ਅਨੁਸਾਰ ਕੱਟੀ ਗਈ ਜ਼ਿੰਦਗੀ ਦੇ ਨਾਲ ਵੀ ਜੁੜਿਆ ਹੋਇਆ ਸੀ (ਵੇਖੋ ਯਿਰਮਿਯਾਹ 9:26)। ਯਹੂਦੀਆਂ ਦੀ ਸੁੰਨਤ ਕੀਤੇ ਜਾਣ ਦੀ ਅਹਿਮੀਅਤ ਐਨੀ ਵੱਧ ਸੀ ਕਿ ਮੁੱਢਲੀ ਕਲੀਸੀਆ ਵਿਚ ਇਕ ਵੱਡਾ ਫਸਾਦ ਹੋ ਗਿਆ ਕਿ ਮਰਦ ਗੈਰ ਕੌਮ ਲੋਕਾਂ ਨੂੰ ਮਸੀਹ ਵਿਚ ਆਉਣ ਦੀ ਉਨ੍ਹਾਂ ਦੀ ਮਨਬਦਲੀ ਦੇ ਭਾਗ ਦੇ ਰੂਪ ਵਿਚ ਸੁੰਨਤ ਕੀਤੀ ਜਾਵੇ ਜਾਂ ਨਾਂ। ਇਸ ਮਾਮਲੇ ਤੇ ਵਿਚਾਰ ਕੀਤੇ ਜਾਣ ਲਈ ਯਰੂਸ਼ਲਮ ਵਿਚ ਇਕ ਸਭਾ ਬੁਲਾਈ ਗਈ। ਰਸੂਲਾਂ, ਐਲਡਰਾਂ ਅਤੇ ਹੋਰ ਭਾਈਆਂ ਵਿਚਕਾਰ ਚਰਚਾ ਦੇ ਕਾਰਣ ਨਿਚੋੜ ਕੱਢਿਆ ਗਿਆ ਕਿ ਸੁੰਨਤ ਸਣੇ ਸ਼ਰ੍ਹਾ ਦਾ ਬੋਝ ਗੈਰ ਕੌਮਾਂ ਵਿੱਚੋਂ ਮਸੀਹੀ ਬਣਨ ਵਾਲਿਆਂ ਉੱਤੇ ਨਾ ਪਾਇਆ ਜਾਵੇ (ਰਸੂਲਾਂ ਦੇ ਕੰਮ 15:1–35)।

**ਆਇਤ 12.** ਗੈਰ ਕੌਮਾਂ ਵਿੱਚੋਂ ਮਸੀਹੀ ਬਣਨ ਵਾਲਿਆਂ ਦੀ ਪਹਿਲਾਂ ਦੀ ਹਾਲਤ ਦੀ ਗੱਲ ਕਰਦਿਆਂ ਪੌਲੁਸ ਨੇ ਉਨ੍ਹਾਂ ਪੰਜ ਗੱਲਾਂ ਨੂੰ ਲਿਖਿਆ ਜਿਹੜੀਆਂ ਉਨ੍ਹਾਂ ਉੱਤੇ ਲਾਗੂ ਹੁੰਦੀਆਂ ਸਨ। ਪਹਿਲਾਂ ਤੋਂ ਉਹ **ਮਸੀਹ ਤੋਂ ਅੱਡ** ਸਨ। ਗੈਰ ਮਸੀਹੀ ਲੋਕ ਪਾਪ ਦੇ ਕਾਰਣ ਖ਼ੁਦਾ ਤੋਂ ਅੱਡ ਸਨ (ਯਸਾਯਾਹ 59:1, 2); ਸਿਰਫ਼ ਉਨ੍ਹਾਂ ਲੋਕਾਂ ਦਾ ਹੀ ਮਸੀਹ ਨਾਲ ਸਬੰਧ ਹੋ ਸਕਦਾ ਹੈ ਜਿਨ੍ਹਾਂ ਨੇ ਇੰਜੀਲ ਦਾ ਹੁਕਮ ਮੰਨਿਆ ਹੈ। ਇਸ ਆਇਤ ਵਿਚ ਪੌਲੁਸ ਦੀ ਗੱਲ ਦਾ ਜ਼ੋਰ ਇਸ ਗੱਲ ਤੇ ਸੀ ਕਿ ਗੈਰ ਕੌਮਾਂ ਕੋਲ ਅਜਿਹੀ ਕੋਈ ਧਰਮਪੁਸਤਕ ਨਹੀਂ ਸੀ ਜਿਸ ਵਿਚ ਮਸੀਹਾ ਦੇ ਆਉਣ ਦਾ ਵਾਅਦਾ ਹੋਵੇ, ਜਿਸ ਕਰਕੇ ਉਨ੍ਹਾਂ ਦਾ ਯਹੂਦੀਆਂ ਦੀ ਮਸੀਹਾ ਦੀ ਉਮੀਦ ਵਿਚ ਕੋਈ ਹਿੱਸਾ ਨਹੀਂ ਸੀ। ਆਖ਼ਰ ਮਸੀਹਾ ਇਸਰਾਏਲ ਦੇ ਰਾਹੀਂ ਆਇਆ ਸੀ (ਰੋਮੀਆਂ 9:4, 5)।

ਦੂਜਾ, ਉਹ **ਇਸਰਾਏਲ ਦੀ ਬਾਦਸ਼ਾਹੀ ਤੋਂ ਨਿਆਰੇ ਕੀਤੇ ਹੋਏ** ਸਨ। ''ਬਾਦਸ਼ਾਹੀ'' ਯੂਨਾਨੀ ਭਾਸ਼ਾ ਦੇ ਸ਼ਬਦ *politeia* ਦਾ ਅਨੁਵਾਦ ਹੈ ਜਿਸ ਦਾ ਅਰਥ *''ਰਾਜ''* ਜਾਂ *''ਨਾਗਰਿਕਤਾ, ਨਾਗਰਿਕ ਦੇ ਅਧਿਕਾਰ''* ਹੋ ਸਕਦਾ ਹੈ।[1] ਆਪਣੀ ਪਹਿਲਾਂ ਦੀ ਹਾਲਤ ਵਿਚ ਗੈਰ ਕੌਮਾਂ ਤੋਂ ਮਸੀਹੀ ਬਣਨ ਵਾਲਿਆਂ ਨੂੰ ਖ਼ੁਦਾ ਦੇ ਨਾਲ ਸ਼ਹਿਰੀ ਹੋਣ ਦਾ ਕੋਈ ਹੱਕ ਨਹੀਂ ਸੀ। ਯਹੂਦੀਆਂ ਦਾ ਮਸੀਹ ਤੋਂ ਪਹਿਲਾਂ ਇਕ ਧਰਮ ਸ਼ਾਸਤਰੀ ਕੌਮ ਹੋਣ ਕਰਕੇ ਖ਼ੁਦਾ ਨਾਲ ਇਕ ਅਸਲ ਸਬੰਧ ਸੀ। ਗੈਰ ਕੌਮਾਂ ਦਾ ਅਜਿਹਾ ਕੋਈ ਸਬੰਧ ਨਹੀਂ ਸੀ। ਖ਼ੁਦਾ ਦੀ ਸਭ ਤੋਂ ਵੱਡੀ ਪਸੰਦ ਨਾਲ ਉਸ ਨੇ ਇਸਰਾਏਲ ਨਾਲ ਇਸ ਤਰ੍ਹਾਂ ਨਾਲ ਇਕ ਨੇਮ ਬੰਨ੍ਹਿਆ ਸੀ ਜਿਵੇਂ ਉਸ ਨੇ ਗੈਰ ਕੌਮਾਂ ਨਾਲ ਕਦੇ ਸਬੰਧ ਨਹੀਂ ਰੱਖਿਆ ਸੀ। ਗੈਰ ਕੌਮਾਂ ਨੂੰ ਇਸਰਾਏਲ ਦੇਸ਼ ਦੀ ਨਾਗਰਿਕਤਾ ਤੋਂ ਅੱਡ ਕੀਤਾ ਗਿਆ ਸੀ। ''ਨਿਆਰੇ ਕੀਤੇ ਹੋਏ'' (*apallotrioō*) ''ਦੂਰ ਕਰ ਦੇਣਾ'' ਦਾ ਸੁਝਾਅ ਦਿੰਦਾ ਹੈ।[2] ਨਵੇਂ ਨੇਮ ਵਿਚ ''ਉਸ ਤੋਂ ਦੂਰ ਕਰਨਾ ਜਿਸ ਨਾਲ ਪਹਿਲਾਂ ਸਬੰਧ ਸੀ ਦੇ ਸਬੰਧ ਵਿਚ ਕੁਲੁੱਸੀਆਂ 1:21 ਅਤੇ ਅਫ਼ਸੀਆਂ 4:18 ਵਿਚ ਸ਼ਬਦ ਮਿਲਦਾ ਹੈ।''[3] ਪਰ ਇੱਥੇ ਇਸ ਦਾ ਅਰਥ ਖ਼ਾਸ ਬਰਕਤ ਤੋਂ ਅੱਡ ਹੋਣ ਲਈ ਹੈ। ਖ਼ੁਦਾ ਪੁਰਾਣੇ ਨੇਮ ਦੇ ਕਾਲ ਵਿਚ ਉਨ੍ਹਾਂ ਲੋਕਾਂ ਨਾਲ ਸਬੰਧ ਬਣਾਉਣ ਲਈ ਬਾਰ ਬਾਰ ਇਤਿਹਾਸ ਵਿਚ ਨਹੀਂ ਗਿਆ। ਜਿਹੜੇ ਇਸਹਾਕ ਅਤੇ ਯਾਕੂਬ ਦੇ ਰਾਹੀਂ ਅਬਰਾਹਾਮ ਦੀ ਸੰਤਾਨ ਨਹੀਂ ਸਨ (ਉਤਪਤ 14 ਵਿਚ ਮਲਕੀਸਿਦੇਕ; ਕੂਚ 2; 3 ਵਿਚ ਯਿਥਰੋ; ਅਤੇ ਗਿਣਤੀ 22; 23 ਵਿਚ ਬਿਲਆਮ)।

ਤੀਜਾ, ਗੈਰ ਕੌਮ ਲੋਕ **ਬਚਨ ਦੇ ਨੇਮਾਂ ਤੋਂ ਬਾਹਰ** ਸਨ। ''ਬਚਨ'' ਤੋਂ ਪਹਿਲਾਂ ਯੂਨਾਨੀ ਭਾਸ਼ਾ ਵਿਚ ਇਕ ਉਪਪਦ ਹੈ ਜੋ ਇਸ ਵਾਕਅੰਸ਼ ਦਾ ਅਰਥ ''ਵਾਅਦੇ ਦੇ ਨੇਮਾਂ ਤੋਂ ਅਣਜਾਣ'' ਬਣਾ ਦਿੰਦਾ ਹੈ। ਯੂਨਾਨੀ ਨਾਉਂ ਸ਼ਬਦ *xenos* ਦੇ ਰਾਹੀਂ ''ਅਣਜਾਣ'' ਉਨ੍ਹਾਂ ਲੋਕਾਂ ਲਈ ਹੈ ਜਿਹੜੇ ਕਿਸੇ ਦੇ ''ਆਪਣੇ ਪਰਿਵਾਰ ਦੇ ਨਾ ਹੋਣ।''[4] ਇਸ ਲਈ ਕੁਝ ਵੀ ''ਸਾਂਝਾ ਨਾ ਹੋਣਾ''[5] ਹੈ। ''ਬਚਨ'' ਮੁਕਤੀਦਾਤੇ ਦੇ ਆਉਣ ਦੇ ਸਬੰਧ ਵਿਚ ਖ਼ੁਦਾ ਵੱਲੋਂ ਪੁਰਖਿਆਂ ਨਾਲ ਕੀਤੇ ਗਏ ਵਾਅਦੇ ਨੂੰ ਹੀ ਕਿਹਾ ਗਿਆ ਹੋਵੇਗਾ (ਵੇਖੋ ਉਤਪਤ 12:1–7; 22:18; 26:4; 28:14)। ਖ਼ੁਦਾ ਨੇ ਇਸਹਾਕ, ਯਾਕੂਬ ਅਤੇ ਦਾਊਦ ਨਾਲ ''ਨੇਮ'' ਬੰਨ੍ਹੇ ਜਾਂ ''ਸਮਝੌਤੇ'' ਕੀਤੇ।[6] ਪੌਲੁਸ ਖ਼ਾਸ ਤੌਰ ਤੇ ਮੂਸਾ ਦੀ ਸ਼ਰ੍ਹਾ ਦੀ ਗੱਲ ਹੀ ਕਰ ਰਿਹਾ ਸੀ, ਕਿਉਂਕਿ ਸ਼ਰ੍ਹਾ ਇਨ੍ਹਾਂ ਮੁੱਢਲੇ ਨੇਮਾਂ ਵਿਚ ''ਰਲਾਈ ਗਈ'' ਸੀ

(ਗਲਾਤੀਆਂ 3:19)। ਗਲਾਤੀਆਂ 3:16–22 ਵਿਚ ਉਸ ਨੇ ਅਬਰਾਹਾਮ ਦੇ ਨੇਮ ਅਤੇ ਸੀਨੈ ਦੇ ਨੇਮ ਵਿਚ ਅਬਰਾਹਾਮ ਨਾਲ ਬੰਨ੍ਹੇ ਗਏ ਨੇਮ ਨੂੰ ਬਚਨ ਦਾ ਨੇਮ ਅਤੇ ਬਾਅਦ ਵਾਲੇ ਨੇਮ ਨੂੰ ਸ਼ਰ੍ਹਾ ਦਾ ਨੇਮ ਆਖ ਕੇ ਉਨ੍ਹਾਂ ਵਿਚ ਫ਼ਰਕ ਕੀਤਾ।

ਚੌਥਾ ਉਹ **ਆਸਹੀਣ** ਸਨ। ਚੁਣੇ ਹੋਏ ਇਸਰਾਏਲ ਦੇਸ਼ ਤੋਂ ਬਾਹਰ ਹੋਣ ਕਰਕੇ ਗੈਰ ਕੌਮਾਂ ਦਾ ਖ਼ੁਦਾ ਨਾਲ ਨੇਮ ਦਾ ਕੋਈ ਸਬੰਧ ਨਹੀਂ ਸੀ। ਅਤੇ ਉਨ੍ਹਾਂ ਨੂੰ ਮਸੀਹਾ ਦੇ ਆਉਣ ਦਾ ਕੋਈ ਬਚਨ ਨਹੀਂ ਦਿੱਤਾ ਗਿਆ ਸੀ। ਉਨ੍ਹਾਂ ਕੋਲ ਮੁਕਤੀਦਾਤੇ ਅਤੇ ਮੁਕਤੀ ਵਿਚ ਆਸ ਦੀ ਘਾਟ ਸੀ। ਗੈਰ ਕੌਮਾਂ ਦੇ ਕਾਫ਼ਰ ਧਰਮ ਉਨ੍ਹਾਂ ਦੇ ਭਵਿੱਖ ਦੀ ਜ਼ਿੰਦਗੀ ਦੀ ਉਨ੍ਹਾਂ ਦੀ ਤੜਪ ਨੂੰ ਵਿਖਾਉਂਦੇ ਸਨ ਪਰ ਪੌਲੁਸ ਨੇ ਇਸ ਤੱਥ ਨੂੰ ਕਿਹਾ ਕਿ ਉਹ *ਅਸਲ* ਆਸ ਦੇ ਬਗੈਰ ਸਨ। ਮੌਤ ਦੇ ਬਾਅਦ ਕਿਸੇ ਵੀ ਤਰ੍ਹਾਂ ਦੀ ਉਨ੍ਹਾਂ ਦੀ ਉਮੀਦ ਵਿਗੜੀ ਹੋਈ ਸੀ ਅਤੇ ਝੂਠੀ ਆਸ ਵਾਲੀ ਸੀ। ਉਨ੍ਹਾਂ ਨੂੰ ਖ਼ੁਦਾ ਦਾ ਸੀਮਤ ਗਿਆਨ ਸੀ ਅਤੇ ਉਹ ਪਵਿੱਤਰ ਲਿਖਤ ਅਤੇ ਮਸੀਹਾ ਦੇ ਵਾਅਦਿਆਂ ਦੀ ਵਿਰਾਸਤ ਤੋਂ ਅੱਡ ਕੀਤੇ ਹੋਏ ਸਨ। ਉਨ੍ਹਾਂ ਦੀ ਪਹਿਲਾਂ ਵਾਲੀ ਹਾਲਤ ਨੂੰ ਯਾਦ ਦੁਆਉਣ ਲਈ ਗੈਰ ਕੌਮ ਮਸੀਹੀ ਲੋਕਾਂ ਨੇ ਹੋਰ ਵੀ ਇਸ ਗੱਲ ਦੀ ਤਾਰੀਫ਼ ਕਰਨੀ ਸੀ ਕਿ ਹੁਣ ਉਨ੍ਹਾਂ ਨੂੰ ''*[ਉਨ੍ਹਾਂ ਦੇ]* ਮਸੀਹ ਵਿਚ'' ਹੋਣ ਕਰਕੇ ਆਸ ਮਿਲੀ ਸੀ (ਕੁਲੁੱਸੀਆਂ 1:27)।

ਪੰਜਵਾਂ, ਉਹ **ਜਗਤ ਵਿਚ ਪਰਮੇਸ਼ੁਰ ਤੋਂ ਰਹਿਤ** ਸਨ। ਗੈਰ ਕੌਮ ਇਲਾਕਾ ''ਇਸ ਸੰਸਾਰ ਦੇ ਵਿਹਾਰ ਅਨੁਸਾਰ'' (2:2) ਭਾਵ ਖ਼ੁਦਾ ਤੋਂ ਅੱਡ ਕੀਤਾ ਹੋਇਆ ਸੰਸਾਰ ਸੀ। ਬਨਾਵਟੀ ਦੇਵਤਿਆਂ ਲਈ ਉਨ੍ਹਾਂ ਦੀ ਸੇਵਾ ਵਿਚ ਉਨ੍ਹਾਂ ਨੂੰ ਸੱਚੇ ਖ਼ੁਦਾ ਤੋਂ ਬਗੈਰ ਅਤੇ ਸੱਚੀ ਆਸ ਦੇ ਬਗੈਰ ਕਰ ਦਿੱਤਾ ਸੀ। ਗਲਾਤੀਆਂ 4:8 ਵਿਚ ਪੌਲੁਸ ਨੇ ਗੈਰ ਕੌਮ ਮਸੀਹੀ ਲੋਕਾਂ ਦੀ ਪਹਿਲਾਂ ਵਾਲੀ ਹਾਲਤ ਦਾ ਵਰਣਨ ਕੀਤਾ: ''ਪਰ ਉਸ ਵੇਲੇ ਪ੍ਰਮੇਸ਼ਵਰ ਤੋਂ ਅਣਜਾਣ ਜੋ ਸਾਓ ਤੁਸੀਂ ਉਨ੍ਹਾਂ ਦੇ ਬੰਧਨ ਵਿਚ ਸਾਓ ਜਿਹੜਾ ਅਸਲ ਵਿਚ ਈਸ਼ੁਰ ਨਹੀਂ ਸਨ।'' ਸੱਚੇ ਖ਼ੁਦਾ ਤੋਂ ਅਣਜਾਣ ਹੋ ਕੇ ਗੈਰ ਕੌਮ ਲੋਕ ''ਪਰਮੇਸ਼ੁਰ ਤੋਂ ਰਹਿਤ'' (*atheos*) ਸਨ। ਉਨ੍ਹਾਂ ਦੀ ਹਾਲਤ ਦੇ ਮੁਲਾਂਕਣ ਨੇ ਉਨ੍ਹਾਂ ਨੂੰ ਖ਼ੁਦਾ ਦੇ ਬਗੈਰ ਅਤੇ ਸੰਸਾਰ ਵਿਚ ਆਸ ਰਹਿਤ ਛੱਡ ਦਿੱਤਾ।

## **ਮਸੀਹ ਦੇ ਰਾਹੀਂ ਨੇੜੇ ਲਿਆਂਦੇ ਗਏ** (2:13)

**13ਪਰ ਹੁਣ ਮਸੀਹ ਯਿਸੂ ਵਿਚ ਤੁਸੀਂ ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਣ ਨੇੜੇ ਕੀਤੇ ਗਏ ਹੋ।**

**ਆਇਤ 13.** ਬੇਸ਼ੱਕ ਪੌਲੁਸ ਕੋਲ ਗੈਰ ਕੌਮ ਮਸੀਹੀ ਲੋਕਾਂ ਲਈ ਖੁਸ਼ਖ਼ਬਰੀ ਵੀ ਸੀ। ਕਿਉਂਕਿ ਆਇਤ 4 ਦੀ ਸ਼ੁਰੂਆਤ ''ਪਰੰਤੂ ਪਰਮੇਸ਼ੁਰ ਨੇ'' ਨਾਲ ਹੋਈ, ਜਿਸ ਕਰਕੇ ਇਸ ਨਾਲ ਉਸ ਵਿਚ ਜੋ ਮਸੀਹ ਨੂੰ ਜਾਣਨ ਤੋਂ ਪਹਿਲਾਂ ਅਫ਼ਸੁਸ ਦੇ ਲੋਕ ਸਨ ਅਤੇ ਉਸ ਵਿਚ ਜੋ ਮਸੀਹ ਵਿਚ ਆਉਣ ਤੇ ਉਹ ਸਨ, ਬਹਤੁ ਫ਼ਰਕ ਪੈ ਜਾਂਦਾ ਹੈ, ਜਿਸ ਕਰਕੇ ਆਇਤ 13 ਦਾ ਆਰੰਭ **ਪਰ ਹੁਣ** ਨਾਲ ਹੁੰਦਾ ਹੈ। ਆਇਤਾਂ 13 ਤੋਂ 22 ਇੰਜੀਲ ਦੀ ਗੱਲ ਮੰਨਣ ਤੋਂ ਬਿਲਕੁਲ ਉਟ ਹਨ। ਅੱਗੇ ''ਹੁਣ'' ਨਾਲੋਂ ਉਲਟ ਹੈ **ਦੂਰ** ਅਤੇ **ਨੇੜੇ** ਹੋਣ ਵਿਚ ਫ਼ਰਕ ਇਹ ਸੀ ਕਿ ਇਹ ਗੈਰ ਕੌਮ ਮਸੀਹੀ ਹੁਣ **ਮਸੀਹ ਵਿਚ** ਆ ਗਏ ਸਨ।

ਪੁਰਾਣੇ ਨੇਮ ਵਿਚ ਗੈਰ ਕੌਮਾਂ ਨੂੰ ਉਨ੍ਹਾਂ ਰੂਪਾਂ ਵਿਚ ਰੱਖਿਆ ਜਾਂਦਾ ਸੀ ਜਿਹੜੇ ''ਦੂਰ'' ਸਨ (ਵੇਖੋ ਵਿਵਸਥਾਸਾਰ 29:22; 1 ਰਾਜਿਆਂ 8:41; ਯਿਰਮਿਯਾਹ 5:15), ਜਦਕਿ ਇਸਰਾਏਲੀਆਂ ਨੂੰ ''ਨੇੜੇ'' ਮੰਨਿਆ ਜਾਂਦਾ ਸੀ (ਜ਼ਬੂਰ 148:14)। ਪਰ ਅਫ਼ਸੀਆਂ 2 ਵਾਲੇ ਗੈਰ ਕੌਮਾਂ ਦਾ ਨੇੜੇ

ਆਉਣਾ ਯਹੂਦੀਆਂ ਅਤੇ ਗੈਰ ਕੌਮਾਂ ਦੋਹਾਂ ਲਈ ਹੈ ਜੋ ਮਸੀਹ ਵਿਚ ਵਿਸ਼ਵਾਸੀਆਂ ਦੀ ਬਣੀ ਇਕ ਨਵੀਂ ਜਮਾਤ ਹੈ ਜਿਵੇਂ ਅਧਿਆਇ 2 ਦੇ ਬਾਕੀ ਹਿੱਸੇ ਤੋਂ ਪਤਾ ਲਗਦਾ ਹੈ।

ਹੁਣ **ਮਸੀਹ ਦੇ ਲਹੂ** ਦੇ ਕਾਰਣ ਯਹੂਦੀਆਂ ਅਤੇ ਗੈਰ ਕੌਮਾਂ ਦੋਹਾਂ ਦੇ ਨੇੜੇ ਆਉਣ ਦੀ ਸੰਭਾਵਨਾ ਹੈ। ਇਹ ਸਲੀਬ ਦੇ ਸਬੰਧ ਵਿਚ ਜਿੱਥੇ ਮਸੀਹ ਨੇ ''ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਲਈ'' ਆਪਣਾ ਲਹੂ ਵਹਾ ਦਿੱਤਾ (ਮੱਤੀ 26:28), ਸਲੀਬ ਦੇ ਸੰਦੇਸ਼ ਵਿਚ ਇਹ ਤੱਥ ਹੈ ਕਿ ਆਪਣੀ ਮੌਤ ਵਿਚ ਮਸੀਹ ਨੇ ਆਪਣੇ ਉੱਤੇ ਸਾਡੇ ਪਾਪ ਚੁੱਕ ਲਏ ਤਾਂ ਜੋ ਅਸੀਂ ਆਪਣੇ ਉੱਤੇ ਉਸ ਦੀ ਧਾਰਮਿਕਤਾ ਨੂੰ ਲੈ ਸਕੀਏ (ਵੇਖੋ 2 ਕੁਰਿੰਥੀਆਂ 5:21)। ਪਾਪੀਆਂ ਦੇ ਰੂਪ ਵਿਚ ਅਸੀਂ ਧਾਰਮਿਕਤਾ ਦੇ ਕਿਸੇ ਵੀ ਦਾਅਵੇ ਤੋਂ ਹੱਥ ਧੋ ਬੈਠੇ ਹਾਂ (ਰੋਮੀਆਂ 6:20)। ਧਾਰਮਿਕਤਾ ਤੋਂ ਵਾਂਝੇ ਹੋਣ ਕਰਕੇ ਅਸੀਂ ਖ਼ੁਦਾ ਨਾਲ ਉਦੋਂ ਤਕ ਕੋਈ ਸਬੰਧ ਨਹੀਂ ਬਣਾ ਸਕਦੇ ਜਦੋਂ ਤਕ ਖ਼ੁਦਾ ਸਾਨੂੰ ਧਰਮੀ ਠਹਰਾਏ ਜਾਣ ਦੇ ਆਪਣੇ ਕੰਮ ਦੇ ਰਾਹੀਂ ਧਰਮੀ ਨਾ ਬਣਾਵੇ।

''ਨੇੜੇ ਕੀਤੇ ਗਏ'' ਹੋਣ ਦੀ ਗੱਲ ਕਰਦਿਆਂ ਬੇਸ਼ੱਕ ਪੌਲੁਸ ਖ਼ੁਦਾ ਦੇ ਨੇੜੇ ਹੋਣ ਦੀ ਹੀ ਗੱਲ ਕਰ ਰਿਹਾ ਸੀ। ਇਬਰਾਨੀਆਂ ਦੀ ਪੱਤਰੀ ਦੇ ਲੇਖਕ ਨੇ ਕਿਹਾ ਹੈ ਕਿ ਇਬਰਾਨੀ ਮਸੀਹੀ ਲੋਕਾਂ ਨੂੰ ''ਯਿਸੂ ਦੇ ਲਹੂ ਦੇ ਕਾਰਣ ਪਵਿੱਤਰ ਅਸਥਾਨ ਦੇ ਅੰਦਰ ਜਾਣ ਦੀ ਦਲੇਰੀ'' ਮਿਲੀ ਸੀ (ਇਬਰਾਨੀਆਂ 10:19), ਅਤੇ ਫਿਰ ਉਸ ਨੇ ਉਨ੍ਹਾਂ ਨੂੰ ''ਨੇੜੇ'' ਜਾਣ ਲਈ ਦਲੇਰੀ ਕੀਤਾ (ਇਬਰਾਨੀਆਂ 10:22)। ਪਵਿੱਤਰ ਪਰਮੇਸ਼ੁਰ ਸਾਨੂੰ ਆਪਣੇ ਨੇੜੇ ਇਸ ਕਰਕੇ ਸੱਦ ਸਕਦਾ ਹੈ ਕਿਉਂ ਜੋ ਉਸ ਨੇ ਸਾਨੂੰ ਉਹ ਸਾਧਨ ਮੁਹਈਆ ਕਰਵਾ ਦਿੱਤਾ ਹੈ ਜਿਸ ਦੇ ਰਾਹੀਂ ਅਸੀਂ ਉਸ ਤਕ ਪਹੁੰਚ ਸਕਦੇ ਹਾਂ, ਅਤੇ ਉਹ ਸਾਧਨ ਮਸੀਹ ਦਾ ਲਹੂ ਹੈ। ਜਦ ਅਸੀਂ ਮਸੀਹ ਵਿਚ ਆ ਜਾਂਦੇ ਹਾਂ ਤਾਂ ਅਸੀਂ ਧਰਮੀ ਠਹਿਰਾਏ ਜਾਂਦੇ ਹਾਂ ਅਤੇ ਧਰਮੀ ਐਲਾਨੇ ਜਾਂਦੇ ਹਾਂ ਕਿਉਂ ਜੋ ਅਸੀਂ ਮਸੀਹ ਨੂੰ ਪਹਿਨ ਲਿਆ ਹੈ। ਖ਼ੁਦਾ ਨੇ ਸਲੀਬ ਦੇ ਉੱਤੇ ਪਾਪ ਤੇ ਆਪਣਾ ਕਹਿਰ ਡੋਲ੍ਹ ਦਿੱਤਾ ਤਾਂ ਜੋ ਉਹ ਪਾਪੀਆਂ ਉੱਤੇ ਉਨ੍ਹਾਂ ਦੇ ਬਪਤਿਸਮੇ ਵਿਚ ਆਪਣੀ ਦਯਾ ਨੂੰ ਡੋਲ੍ਹ ਸਕੇ। ਇਸ ਕਰਕੇ ਪਾਪੀਆਂ ਨੂੰ ਧਰਮੀ ਠਹਿਰਾਉਣ ਦੀ ਗੱਲ ਵਿਚ ਖ਼ੁਦਾ ਸੱਚਾ ਹੈ (ਰੋਮੀਆਂ। 3:26), ਕਿਉਂ ਜੋ ਸਲੀਬ ਉੱਤੇ ਲਹੂ ਵਿਚ ਉਸ ਦੇ ਪਵਿੱਤਰ ਸੁਭਾਅ ਨੇ ਹਰ ਮੰਗ ਨੂੰ ਪੂਰਾ ਕਰ ਦਿੱਤਾ ਹੈ।

ਇੱਥੇ ਇਕ ਸਵਾਲ ਦਾ ਜਵਾਬ ਦਿੱਤਾ ਜਾਣਾ ਜ਼ਰੂਰੀ ਹੈ ਕਿ ਪਾਪੀਆਂ ਨੂੰ ਧਰਮੀ ਠਹਿਰਾਉਣ ਵਿਚ ਲਹੂ ਕਿਉਂ ਲਾਜ਼ਮੀ ਸੀ? ਪੁਰਾਣੇ ਨੇਮ ਦੇ ਪੂਰੇ ਕਾਲ ਵਿਚ ਜਾਨਵਰਾਂ ਦੇ ਲਹੂ ਦੀਆਂ ਕੁਰਬਾਨੀਆਂ ਚੜ੍ਹਾਈਆਂ ਜਾਂਦੀਆਂ ਸਨ। ਉਹ ਕੁਰਬਾਨੀਆਂ ਬਾਰ ਬਾਰ ਚੜ੍ਹਾਈਆਂ ਜਾਂਦੀਆਂ ਸਨ ਜਿਹੜੀਆਂ ਜਾਨਵਰਾਂ ਦੇ ਲਹੂ ਰਾਹੀਂ ਪਾਪ ਨੂੰ ਹਟਾਉਣ ਨੂੰ ਅਪ੍ਰਭਾਵੀ ਹੋਣ ਨੂੰ ਵਿਖਾਂਦੀਆਂ ਸਨ (ਇਬਰਾਨੀਆਂ 10:1–4)। ਪਰ ਜਾਨਵਰਾਂ ਦੀਆਂ ਕੁਰਬਾਨੀਆਂ ਖ਼ੁਦਾ ਦੇ ਅਸਲ ਲੇਲੇ ਯਿਸੂ ਮਸੀਹ ਦੀ ਤਸਵੀਰ ਨੂੰ ਵਿਖਾਉਂਦੀਆਂ ਸਨ ਜਿਸ ਦੀ ਕੁਰਬਾਨੀ ਪਾਪ ਦੇ ਪ੍ਰਾਸਚਿਤ ਲਈ ਹਮੇਸ਼ਾ ਲਈ ਦਿੱਤੀ ਜਾਣੀ ਸੀ (ਯੂਹੰਨਾ 1:29; ਇਬਰਾਨੀਆਂ 10:10–14)। ਸੰਸਾਰ ਲਈ ਛੁਟਕਾਰਾ ਦੇਣ ਲਈ ਉਸ ਦਾ ਲਹੂ ਕਿਉਂ ਜ਼ਰੂਰੀ ਸੀ? ਸ਼ਰ੍ਹਾ ਦੇ ਅਧੀਨ ਕੁਰਬਾਨੀਆਂ ਦੇ ਪ੍ਰਬੰਧ ਦਾ ਵਰਣਨ ਕਰਦਿਆਂ ਲੇਵੀਆਂ ਦੀ ਪੋਥੀ 17:11 ਸਾਨੂੰ ਦੱਸਦਾ ਹੈ, ''ਕਿਉਂ ਜੋ ਸਰੀਰ ਦੀ ਜਿੰਦ ਉਸ ਦੇ ਲਹੂ ਵਿਚ ਹੈ।'' ਆਪਣਾ ਲਹੂ ਵਹਾਉਣ ਦੇ ਰਾਹੀਂ ਯਿਸੂ ਨੇ ਸਾਡੀਆਂ ਅਸਿੱਧ ਜ਼ਿੰਦਗੀਆਂ ਲਈ ਆਪਣੀ ਸਿੱਧ ਜ਼ਿੰਦਗੀ ਦੇ ਦਿੱਤੀ। ਉਹ ਆਪਣਾ ਲਹੂ ਵਹਾ ਕੇ ਮਰ ਗਿਆ ਤਾਂ ਜੋ ਅਸੀਂ ਜੀ ਸਕੀਏ, ਰੂਹਾਨੀ ਤੌਰ ਤੇ ਵੀ ਅਤੇ ਅਨਾਦੀਕਾਲ ਦੇ ਰੂਪ ਵਿਚ ਵੀ।

## ਪ੍ਰਾਸੰਗਿਕਤਾ

**ਮਸੀਹ ਵਿਚ ਬਰਕਤਾਂ** (2: 13)

ਅਫ਼ਸੀਆਂ 2 ਵਾਲੀਆਂ ਬਰਕਤਾਂ ਸਿਰਫ਼ ਮਸੀਹ ਵਿਚ ਹੀ ਮਿਲਦੀਆਂ ਹਨ (2:13)। ਹਰ ਸ਼ਖ਼ਸ ਨੂੰ ਖ਼ੁਦਾ ਦੇ ਪ੍ਰੇਮ, ਦਯਾ ਅਤੇ ਕਿਰਪਾ ਨੂੰ ਮੰਨਣ ਲਈ ਜਿਸ ਨੂੰ ਸਲੀਬ ਉੱਤੇ ਮਸੀਹ ਦੀ ਕੁਰਬਾਨੀ ਦੇ ਰਾਹੀਂ ਦਿੱਤਾ ਗਿਆ ਸੀ, ਸੱਦਾ ਦਿੱਤਾ ਜਾਂਦਾ ਹੈ। ਜਿਹੜੇ ਲੋਕ ਹੁਕਮ ਮੰਨਣ ਦੇ ਰਾਹੀਂ ਇਸ ਨੂੰ ਮੰਨ ਲੈਂਦੇ ਹਨ ਉਨ੍ਹਾਂ ਨੂੰ ਖ਼ੁਦਾ ਤੋਂ ਅੱਡ ਹੋਣ ਤੋਂ ਬਚਾ ਲਿਆ ਜਾਂਦਾ ਹੈ। ਉਹ ਵਿਸ਼ਵਾਸ ਕਰਕੇ, ਭਰੋਸਾ ਰੱਖ ਕੇ ਅਤੇ ਉਸ ਦੀ ਗੱਲ ਨੂੰ ਮੰਨ ਕੇ ਬਚਾਏ ਜਾਣ ਦੀਆਂ ਖ਼ੁਦਾ ਦੀਆਂ ਸ਼ਰਤਾਂ ਨੂੰ ਮੰਨ ਲੈਂਦੇ ਹਨ। ਵਿਸ਼ਵਾਸ ਨੂੰ ਮੰਨ ਲੈਣ ਵਿਚ ''ਯਿਸੂ ਮਸੀਹ ਦਾ'' ਬਪਤਿਸਮਾ ਵੀ ਇਕ ਕਦਮ ਹੈ (ਰੋਮੀਆਂ 6:3), ਜਿੱਥੇ ਮੁਕਤੀ ਮਿਲਦੀ ਹੈ। ਇਸ ਤਰ੍ਹਾਂ ਨਾਲ ਖ਼ੁਦਾ ਦੇ ਸੱਦੇ ਨੂੰ ਕਬੂਲ ਕਰਨ ਨਾਲ ''ਕਿਰਪਾ ਤੋਂ ਨਿਹਚਾ ਦੇ ਰਾਹੀਂ'' ਮਸੀਹ ਦੇ ਲਹੂ ਨਾਲ ਬਚਾਏ ਗਏ ਹਾਂ (2:8)।

ਕ੍ਰਿਸ ਬੁਲਰਡ

---

ਟਿੱਪਣੀਆਂ

[1]ਸੀ. ਜੀ. ਵਿਲਕੇ ਐਂਡ ਵਿਲਬਲਡ ਗ੍ਰਿਮ, *ਏ ਗ੍ਰੀਕ ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁ. ਅਤੇ ਸੋਧ ਜੋਜ਼ਫ਼ ਹੈਨਰੀ ਥੇਅਰ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1977), 528; ਵਾਲਟਰ ਬਾਉਰ, *ਏ ਗ੍ਰੀਕ–ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 845. [2]ਐਂਡ੍ਰਿਊ ਟੀ. ਲਿੰਕਨ, ਇਫ਼ੀਸ਼ੀਅੰਜ਼, ਵਰਡ ਬਿਬਲੀਕਲ ਕਮੈਂਟਰੀ, ਜਿਲਦ 42 (ਡਲਾਸ: ਵਰਡ ਬੁਕਸ, 1990), 137. [3]ਉਹੀ। [4]ਐਥਲਬਰਟ ਡਬਲਯੂ. ਬੁਲਿੰਗਰ, *ਏ ਕ੍ਰਿਟਿਕਲ ਲੈਕਸੀਕਨ ਐਂਡ ਕੰਕੌਰਡੈਂਸ ਟੂ ਦ ਇੰਗਲਿਸ਼ ਐਂਡ ਗ੍ਰੀਕ ਨਿਊ ਟੈਸਟਾਮੈਂਟ* (ਲੰਦਨ: ਸੈਮੁਏਲ ਬੈਗਸਟਰ ਐਂਡ ਸੰਜ਼, ਮਿਤੀ ਰਹਿਤ; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, ਰੀਜੈਂਸੀ ਰੈਫ਼ਰੈਂਸ ਲਾਇਬ੍ਰੇਰੀ, 1975), 741. [5]ਕੈਨਥ ਐਸ. ਵੁਏਸਟ, *ਵੁਏਸਟ'ਜ਼ ਵਰਡ ਸਟੱਡੀਜ਼ ਫ਼ਰਾਮ ਦ ਗ੍ਰੀਕ ਨਿਊ ਟੈਸਟਾਮੈਂਟ ਫ਼ਾਰ ਦ ਇੰਗਲਿਸ਼ ਰੀਡਰ: ਇਫ਼ੀਸ਼ੀਅੰਜ਼ ਐਂਡ ਕੋਲੋਸੀਅੰਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1953), 73. [6]ਬੁਲਿੰਗਰ, 192.